Ontario

ਖ਼ਬਰਾਂ

ਵਿੱਤ ਮੰਤਰਾਲਾ (Ministry of Finance)

# ਵਾਹਨ ਬੀਮਾ ਨੂੰ ਓਨਟੈਰੀਓ ਦੇ ਡ੍ਰਾਈਵਰਾਂ ਲਈ ਵਧੇਰੇ ਸਮਰਥਾ ਯੋਗ ਬਣਾਉਣਾ

*ਸੂਬਾ ਰੇਟ ਨੂੰ ਔਸਤਨ 15 ਪ੍ਰਤਿਸ਼ਤ ਘਟਾਉਣ ਦਾ ਟੀਚਾ ਰੱਖਦਾ ਹੈ*

**ਖ਼ਬਰਾਂ** 23 ਅਗਸਤ 2013

ਆਪਣੀ ਵਾਹਨ ਬੀਮਾ ਦੀ ਲਾਗਤ ਅਤੇ ਰੇਟ ਨੂੰ ਘਟਾਉਣ ਦੀ ਰਣਨੀਤੀ (Auto Insurance Cost and Rate Reduction Strategy) ਦੇ ਰਾਹੀਂ ਓਨਟੈਰੀਓ ਉਪਭੋਗਤਾਵਾਂ ਦੀ ਰੱਖਿਆ ਕਰਨ ਅਤੇ ਪੈਸੇ ਬਚਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਕਾਰਵਾਈ ਕਰ ਰਿਹਾ ਹੈ।

ਅਗਲੇ ਦੋ ਸਾਲਾਂ ਦੇ ਅੰਦਰ, ਓਨਟੈਰੀਓ ਵਾਹਨ ਬੀਮਾ ਦੇ ਰੇਟ ਨੂੰ ਔਸਤਨ 15 ਪ੍ਰਤਿਸ਼ਤ ਘਟਾਉਣ ਦਾ ਟੀਚਾ ਰੱਖ ਰਿਹਾ ਹੈ — ਜਿਸ ਵਿੱਚ ਅਗਸਤ 2014 ਤਕ ਰੇਟ ਨੂੰ ਔਸਤਨ ਅੱਠ ਪ੍ਰਤਿਸ਼ਤ ਘਟਾਇਆ ਜਾਵੇਗਾ। ਸੂਬਾ ਇਹ ਕਮੀਆਂ ਹੇਠਾਂ ਲਿਖੇ ਦੇ ਦੁਆਰਾ ਪ੍ਰਾਪਤ ਕਰੇਗਾ:

- ਵਿੱਤੀ ਸੇਵਾਵਾਂ ਦੇ ਸੁਪਰਡੈਂਟ (Superintendent of Financial Services) ਨੂੰ ਅਧਿਕਾਰ ਦੇਣਾ ਕਿ ਉਹ ਬੀਮਾ ਕਰਨ ਵਾਲਿਆਂ ਤੋਂ ਦੁਬਾਰਾ ਰੇਟ ਜਮ੍ਹਾਂ ਕਰਾਉਣ ਦੀ ਮੰਗ ਕਰੇ
- ਧੋਖਾ-ਧੜੀ ਨੂੰ ਫੜਨਾ ਜਾਰੀ ਰੱਖਣਾ, ਜਿਸ ਵਿੱਚ ਵਾਹਨ ਬੀਮਾ ਕੰਪਨੀਆਂ ਨੂੰ ਇਨਵੋਇਸ ਦੇਣ ਵਾਲੇ ਹੈਲਥ ਕਲੀਨਿਕ ਸ਼ਾਮਲ ਹਨ
- ਦੁਰਘਟਨਾ ਦੇ ਬੈਨਿਫਿਟਾਂ ਸਬੰਧੀ ਬੰਧਨ ਤੇ ਸੁਪਰਡੈਂਟ ਦੀਆਂ ਸੇਧਾਂ ਬਣਾ ਕੇ ਅਣਉਮੀਦੀਆਂ ਲਾਗਤਾਂ ਨੂੰ ਘਟਾਉਣਾ
- ਰੇਟ ਘਟਾਉਣ ਦੀਆਂ ਦੂਜੀਆਂ ਪਹਿਲਕਦਮੀਆਂ ਦਾ ਪਤਾ ਲਗਾਉਣਾ, ਜਿਨ੍ਹਾਂ ਵਿੱਚ ਟੋਇੰਗ ਉਦਯੋਗ ਦੀ ਸੂਬਾਈ ਨਿਗਰਾਨੀ ਅਤੇ ਟੱਕਰ ਦੀ ਮੁਰੰਮਤ ਕਰਨ ਦੀਆਂ ਵਿਧੀਆਂ ਤੇ ਧਿਆਨ ਦੇਣਾ ਸ਼ਾਮਲ ਹੈ
- ਬੀਮਾ ਕਰਨ ਵਾਲਿਆਂ ਤੋਂ ਇਹ ਮੰਗ ਕਰਨੀ ਜਾਰੀ ਰੱਖਣੀ ਕਿ ਉਹ ਸੁਰੱਖਿਅਤ ਤਰੀਕੇ ਨਾਲ ਡ੍ਰਾਈਵਿੰਗ ਦੇ ਰਿਕਾਰਡ ਵਾਲੇ ਉਪਭੋਗਤਾਵਾਂ ਲਈ ਛੂਟ ਪੇਸ਼ ਕਰਨ
- ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨੀ ਕਿ ਲਾਗਤ ਵਿੱਚ ਬੱਚਤਾਂ ਤੋਂ ਓਨਟੈਰੀਓ ਦੇ ਸਾਰੇ ਖੇਤਰਾਂ ਨੂੰ ਇਕੋ ਜਿਹਾ ਫਾਇਦਾ ਹੋਵੇ

ਰੇਟ ਨੂੰ ਔਸਤਨ 15 ਪ੍ਰਤਿਸ਼ਤ ਘਟਾਉਣ ਦਾ ਟੀਚਾ ਪ੍ਰਾਪਤ ਕਰਨ ਲਈ ਸਰਕਾਰ ਲੋੜ ਅਨੁਸਾਰ ਅਗਲੇਰੀ ਕਾਰਵਾਈ ਕਰੇਗੀ ਅਤੇ ਸਾਰੇ ਜ਼ਰੂਰੀ ਕਦਮ ਚੁੱਕੇਗੀ।

ਇਹ ਉਪਾਅ ਪਿਛਲੇ ਸੁਧਾਰਾਂ ਨੂੰ ਅੱਗੇ ਵਧਾਉਂਦੇ ਹਨ ਜਿਨ੍ਹਾਂ ਨੇ ਬੀਮਾ ਦੇ ਰੇਟਾਂ ਨੂੰ ਸਥਿਰ ਕੀਤਾ ਸੀ ਅਤੇ ਇਹ ਓਨਟੈਰੀਓ ਦੇ ਨੌਂ ਮਿਲੀਅਨ ਡ੍ਰਾਈਵਰਾਂ ਲਈ ਨਿਰਪੱਖ ਅਤੇ ਸਮਰਥਾ ਯੋਗ ਵਾਹਨ ਬੀਮਾ ਪ੍ਰਣਾਲੀ ਯਕੀਨੀ ਬਣਾਉਣ ਅਤੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਉਹਨਾਂ ਦੀ ਮਦਦ ਕਰਨ ਦੀ ਸਰਕਾਰ ਦੀ ਯੋਜਨਾ ਦਾ ਹਿੱਸਾ ਹਨ।

**ਹਵਾਲਾ**

"ਉਪਭੋਗਤਾਵਾਂ ਦੀ ਰੱਖਿਆ ਕਰਨ ਅਤੇ ਵਾਹਨ ਬੀਮਾ ਤੇ ਪੈਸੇ ਬਚਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਸਰਕਾਰ ਕੋਲ ਇੱਕ ਵਿਹਾਰਕ ਯੋਜਨਾ ਹੈ। ਅਸੀਂ ਪ੍ਰਣਾਲੀ ਵਿੱਚ ਲਾਗਤਾਂ ਘਟਾਉਣ ਲਈ ਸਖ਼ਤ ਮਿਹਨਤ ਕੀਤੀ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਇਹਨਾਂ ਬੱਚਤਾਂ ਦਾ ਫਾਇਦਾ ਉਪਭੋਗਤਾਵਾਂ ਤਕ ਪਹੁੰਚੇ, ਅਸੀਂ ਲਗਾਤਾਰ ਅਗਲੇਰੀ ਕਾਰਵਾਈ ਕਰ ਰਹੇ ਹਾਂ।"

— Charles Sousa, ਵਿੱਤ ਮੰਤਰੀ (Minister of Finance)

## ਜਲਦ ਤੱਥ

- ਵਧੇਰੇ ਪਾਰਦਰਸ਼ਿਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਸੁਤੰਤਰ ਮਾਹਰ, ਬੱਚਤਾਂ ਕਿੰਨੀ ਜਲਦੀ ਨਾਲ ਉਪਭੋਗਤਾਵਾਂ ਤਕ ਪਹੁੰਚਾਈਆਂ ਜਾਂਦੀਆਂ ਹਨ ਅਤੇ ਉਪਭੋਗਤਾਵਾਂ ਨੂੰ ਸਮਰਥਾ ਯੋਗ ਪ੍ਰੀਮਿਅਮ ਮੁਹੱਈਆ ਕਰਨ ਲਈ ਬਜ਼ਾਰ ਦੀ ਪ੍ਰਭਾਵਿਕਤਾ ਬਾਰੇ ਰਿਪੋਰਟ ਦੇਣਗੇ।

- ਵਾਹਨ ਬੀਮਾ ਦੀ ਲਾਗਤ ਅਤੇ ਰੇਟ ਨੂੰ ਘਟਾਉਣ ਦੀ ਰਣਨੀਤੀ (Auto Insurance Cost and Rate Reduction Strategy) ਦੀ ਸ਼ੁਰੂਆਤ 2013 ਦੇ ਓਨਟੈਰੀਓ ਬਜਟ ਦੇ ਹਿੱਸੇ ਵਜੋਂ ਕੀਤੀ ਗਈ ਸੀ।

- ਇਸ ਦੁਆਰਾ ਸਥਾਪਿਤ ਕੀਤੇ ਜਾ ਰਹੇ ਉਪਾਵਾਂ ਦੇ ਨਾਲ, ਸਰਕਾਰ ਉਮੀਦ ਕਰਦੀ ਹੈ ਕਿ ਜਨਵਰੀ 2014 ਵਿੱਚ ਓਨਟੈਰੀਓ ਦੇ ਵਿੱਤੀ ਸੇਵਾਵਾਂ ਦੇ ਕਮੀਸ਼ਨ (Financial Services Commission of Ontario) ਦੀ ਰਿਪੋਰਟ, ਰੇਟ ਵਿੱਚ ਤਿੰਨ ਤੋਂ ਪੰਜ ਪ੍ਰਤਿਸ਼ਤ ਦੀ ਪ੍ਰਵਾਨਿਤ ਕਮੀ ਦਿਖਾਏਗੀ।

- ਉਪਭੋਗਤਾਵਾਂ ਨੂੰ ਵੱਖ-ਵੱਖ ਜਗ੍ਹਾ ਤੋਂ ਰੇਟ ਪਤਾ ਕਰ ਕੇ ਅਤੇ ਆਪਣੀਆਂ ਬੀਮਾ ਕੰਪਨੀਆਂ ਦੇ ਨਾਲ ਆਪਣੀਆਂ ਪਾਲਿਸੀਆਂ ਦੀ ਸਮੀਖਿਆ ਕਰ ਕੇ ਰੇਟਾਂ ਨੂੰ ਘਟਾਉਣ ਦੇ ਹੋਰ ਤਰੀਕੇ ਪਤਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂਕਿ ਸਰਦੀਆਂ ਦੇ ਟਾਇਰ ਲਗਵਾਉਣ, ਮਾਣਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ ਪੂਰਾ ਕਰਨ, ਘਰ ਅਤੇ ਵਾਹਨ ਦੇ ਬੀਮਾ ਨੂੰ ਮਿਲਾਉਣ, ਅਤੇ ਸਾਰੇ ਵਾਹਨਾਂ ਦਾ ਇੱਕੋ ਕੰਪਨੀ ਕੋਲ ਬੀਮਾ ਕਰਵਾਉਣ ਵਰਗੀਆਂ ਚੀਜ਼ਾਂ ਲਈ ਛੂਟਾਂ ਉਪਲਬਧ ਹੋ ਸਕਦੀਆਂ ਹਨ।

- ਵਾਹਨ ਬੀਮਾ ਦੀ ਲਾਗਤ ਅਤੇ ਰੇਟ ਨੂੰ ਘਟਾਉਣ ਦੀ ਰਣਨੀਤੀ ਦੇ ਇਲਾਵਾ, Hon. J. Douglas Cunningham ਨੂੰ ਓਨਟੈਰੀਓ ਦੇ ਵਾਹਨ ਬੀਮਾ ਵਿਵਾਦ ਨੂੰ ਸੁਲਝਾਉਣ ਦੀ ਪ੍ਰਣਾਲੀ ਦੀ ਸਮੀਖਿਆ ਕਰਨ ਅਤੇ ਵਰਤਮਾਨ ਪ੍ਰਣਾਲੀ ਵਿੱਚ ਤਬਦੀਲੀਆਂ ਲਿਆਉਣ ਲਈ ਸਿਫਾਰਸ਼ਾਂ ਕਰਨ ਲਈ ਮੁਖੀ ਨਿਯੁਕਤ ਕੀਤਾ ਗਿਆ ਹੈ।

## ਵਧੇਰੇ ਜਾਣੋ

ਓਨਟੈਰੀਓ ਵਾਹਨ ਬੀਮਾ ਦੇ ਇਤਿਹਾਸ ਬਾਰੇ ਜਾਣੋ।

ਇਸ ਬਾਰੇ ਜਾਣੋ ਕਿ ਓਨਟੈਰੀਓ ਵਿੱਚ ਵਾਹਨ ਬੀਮਾ ਦੇ ਰੇਟ ਕਿਵੇਂ ਸੈਟ ਕੀਤੇ ਜਾਂਦੇ ਹਨ।

ਬੀਮਾ ਖਰੀਦਦੇ ਸਮੇਂ ਪੈਸੇ ਬਚਾਉਣ ਲਈ ਇਹਨਾਂ ਸੁਝਾਵਾਂ ਦੀ ਵਰਤੋਂ ਕਰੋ।

ਰੇਟ ਬਾਰੇ ਓਨਟੈਰੀਓ ਦੀਆਂ ਤਿਮਾਹੀ ਪੋਸਟਿੰਗਾਂ ਪੜ੍ਹੋ।

Hon. J. Douglas Cunningham ਬਾਰੇ ਪੜ੍ਹੋ।

---

**ਸਿਰਫ ਮੀਡੀਆ ਪੁੱਛਗਿੱਛ ਲਈ:**
Andrew Chornenky, ਮੰਤਰੀ ਦਾ ਆਫ਼ਿਸ (Minister's Office), 416-325-8679
Marc Pichette, ਵਿੱਤ ਮੰਤਰਾਲਾ (Ministry of Finance), 416-314-1587

**ਜਨਤਕ ਪੁੱਛਗਿੱਛ ਲਈ,** 1-800-337-7222 **ਤੇ ਕਾਲ ਕਰੋ।**
(ਸਿਰਫ ਓਨਟੈਰੀਓ ਵਿੱਚ ਟੋਲ-ਫ੍ਰੀ)